## ਕੇਅਰਿੰਗ ਇਨ ਲੀਡਜ਼

(ਲੀਡਜ਼ ਵਿੱਚ ਦੇਖਭਾਲ ਕਰਨੀ)








# ਕੇਅਰਿੰਗ ਲਈ ਅਸੈੱਸਮੈਂਟਾਂ

ਕੀ ਤੁਸੀਂ ਘਰ ਵਿੱਚ ਕਿਸੇ ਦੋਸਤ, ਰਿਸ਼ਤੇਦਾਰ ਜਾਂ ਗੁਆਂਢੀ ਦੀ ਦੇਖਭਾਲ ਕਰਦੇ ਹੋ?

ਤੁਸੀਂ ਜਿਸ ਬੰਦੇ ਦੀ ਦੇਖਭਾਲ ਕਰਦੇ ਹੋ ਉਸ ਨੂੰ ਸਪੋਰਟ (ਸਮਰਥਨ) ਦੇਣ ਲਈ ਤੁਹਾਨੂੰ ਕੀ ਲੋੜੀਂਦਾ ਹੈ, ਇਸ ਬਾਰੇ ਤੁਸੀਂ ਅਸੈੱਸਮੈਂਟ (ਮੁਲਾਂਕਣ) ਕਰਵਾ ਸਕਦੇ ਹੋ

Leeds
CITY COUNCIL

www.leeds.gov.uk/caringinleeds

# ਕੇਅਰਿੰਗ ਇਨ ਲੀਡਜ਼

ਜੇਕਰ ਤੁਸੀਂ ਕਿਸੇ ਨੂੰ ਉਨ੍ਹਾਂ ਦੇ ਘਰ ਵਿੱਚ ਬਹੁਤ ਸਾਰੀ ਅਤੇ ਨਿਯਮਿਤ ਰੂਪ ਵਿੱਚ ਸਪੋਰਟ ਦੇਂਦੇ ਹੋ ਤਾਂ ਤੁਹਾਡਾ ਅਧਿਕਾਰ ਹੈ ਕਿ ਤੁਸੀਂ ਆਪਣੀਆਂ ਲੋੜਾਂ ਦੀ ਅਸੈੱਸਮੈਂਟ ਕਰਵਾ ਸਕਦੇ ਹੋ ਤਾਂ ਜੋ ਤੁਸੀਂ ਉਸ ਸਪੋਰਟ ਲਈ ਸਹਾਇਤਾ ਲੈ ਸਕੋ ਜਿਹੜੀ ਤੁਸੀਂ ਪ੍ਰਦਾਨ ਕਰਦੇ ਹੋ। ਕਾਨੂੰਨ ਅਨੁਸਾਰ ਅਸੈੱਸਮੈਂਟ ਕਰਵਾਉਣ ਲਈ ਤੁਹਾਡਾ ਅਧਿਕਾਰ ਹੈ ਭਾਂਵੇਂ ਉਹ ਬੰਦੇ ਸਰਵਿਸਿਜ਼ (ਸੇਵਾਵਾਂ) ਨਾ ਵੀ ਲੈਣਾ ਚਾਹੁਣ ਜਾਂ ਉਨ੍ਹਾਂ ਨੂੰ ਸੇਵਾਵਾਂ ਦੀ ਲੋੜ ਨਾ ਹੋਵੇ ਜਿਨ੍ਹਾਂ ਦੀ ਤੁਸੀਂ ਕੇਅਰ (ਦੇਖਭਾਲ) ਕਰਦੇ ਹੋ।

## ਅਸੈੱਸਮੈਂਟ ਕੀ ਹੈ?

ਇਹ ਕੇਵਲ ਇਕ ਤਰੀਕਾ ਹੈ ਜਿਸ ਰਾਹੀਂ ਵਰਕਰ ਹੈੱਲਥ ਜਾਂ ਸੋਸ਼ਲ ਕੇਅਰ (ਸੁਆਸਥ ਜਾਂ ਸਮਾਜਕ ਦੇਖਭਾਲ) ਜਥੇਬੰਦੀਆਂ ਵਿੱਚੋਂ ਪਤਾ ਕਰਦੇ ਹਨ ਕਿ ਤੁਹਾਡੀ ਹਾਲਤ ਕੀ ਹੈ ਅਤੇ ਤੁਸੀਂ ਜਿਹੜੀ ਸਹਾਇਤਾ, ਸਪੋਰਟ ਜਾਂ ਨਿੱਜੀ ਕੇਅਰ ਆਪਣੇ ਰਿਸ਼ਤੇਦਾਰ, ਪਾਰਟਨਰ (ਪਤੀ ਜਾਂ ਪਤਨੀ), ਦੋਸਤ ਜਾਂ ਗੁਆਂਢੀ ਨੂੰ ਦੇ ਰਹੇ ਹੋ ਉਸ ਨੂੰ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਤੁਹਾਨੂੰ ਕੀ ਚੀਜ਼ ਸਹਾਇਤਾ ਕਰੇਗੀ।

## ਅਸੈੱਸਮੈਟ ਕਰਵਾਉਣ ਲਈ ਖੇਚਲ ਕਰਨ ਦੀ ਕੀ ਲੋੜ ਹੈ?

ਅਸੈੱਸਮੈਂਟ ਤੁਹਾਡੀ ਸਹਾਇਤਾ ਕਈ ਤਰ੍ਹਾਂ ਨਾਲ ਕਰ ਸਕਦੀ ਹੈ, ਉਦਾਹਰਣ ਵੱਜੋਂ ਇਹ ਤੁਹਾਨੂੰ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਵਿੱਚ ਸਹਾਇਤਾ ਕਰ ਸਕਦੀ ਹੈ:

- ਤੁਸੀਂ ਜਿਸ ਬੰਦੇ ਦੀ ਕੇਅਰ (ਦੇਖਭਾਲ) ਕਰ ਰਹੇ ਹੋ ਉਸ ਲਈ ਭਵਿੱਖ ਵਿੱਚ ਵਾਲੀਆਂ ਸਰਵਿਸਿਜ਼ ਲੈਣ ਬਾਰੇ ਕੀਤੇ ਜਾਣ ਵਾਲੇ ਕਿਸੇ ਵੀ ਫੈਸਲੇ ਵਿੱਚ ਆਪਣੀ ਗੱਲ ਦੀ ਸੁਣਵਾਈ ਕਰਵਾਉਣ ਦਾ ਅਵਸਰ।
- ਬੈਨਿਫਿਟਾਂ ਅਤੇ ਆਪਣੇ ਵਿੱਤ ਦੀ ਵਿਵਸਥਾ ਕਰਨ ਬਾਰੇ ਸਲਾਹ।
- ਕੇਅਰਿੰਗ (ਦੇਖਭਾਲ ਕਰਨੀ) ਦੀ ਸਾਂਝ ਕਰਨ ਵਿੱਚ ਸਹਾਇਤਾ ਲਈ ਕੇਅਰਿੰਗ ਸਰਵਿਸਿਜ਼।
- ਤੁਹਾਨੂੰ ਕੇਅਰਿੰਗ ਤੋਂ ਬ੍ਰੇਕ (ਥੋੜ੍ਹੇ ਸਮੇਂ ਦੀ ਛੁੱਟੀ) ਦਵਾਉਣ ਲਈ ਸਰਵਿਸਿਜ਼ (ਸੇਵਾਵਾਂ)।
- ਜੇਕਰ ਤੁਹਾਡੀਆਂ ਕੋਈ ਹੈੱਲਥ ਪ੍ਰਾਬਲਮਜ਼ (ਸੁਆਸਥ ਸਮਸਿਆਵਾਂ) ਹੋਣ ਤਾਂ ਉਨ੍ਹਾਂ ਲਈ ਸਹਾਇਤਾ
- ਤੁਸੀਂ ਜਿਸ ਬੰਦੇ ਦੀ ਕੇਅਰ ਕਰ ਰਹੇ ਹੋ ਉਸ ਦੀ ਕੇਅਰ ਨੂੰ ਸਰੀਰਕ ਤੌਰ ਤੇ ਹੋਰ ਸੌਖਿਆਂ ਬਣਾਉਣ ਲਈ ਉਸ ਦੇ ਘਰ ਵਿੱਚ ਇਕਿਉਪਮੈਂਟ (ਸਾਜ਼–ਸਾਮਾਨ) ਜਾਂ ਅਡੈਪਟੇਸ਼ੰਜ਼ (ਲੋੜ ਅਨੁਸਾਰ ਚੀਜ਼ਾਂ ਲਗਾਉਣੀਆਂ)।
- ਇਹੋ ਜਿਹੇ ਕੇਅਰਰਾਂ ਨਾਲ ਸੰਪਰਕ ਕਰਨਾ ਜਿਹੜੇ ਇਹੋ ਜਿਹੀਆਂ ਹਾਲਤਾਂ ਵਿੱਚ ਹਨ ਜਿਨ੍ਹਾਂ ਵਿੱਚ ਤੁਸੀਂ ਹੋ।
- ਤੁਸੀਂ ਜਿਸ ਬੰਦੇ ਦੀ ਸਹਾਇਤਾ ਕਰ ਰਹੇ ਹੋ ਉਸ ਦੀ ਹਾਲਤ ਅਤੇ ਸਿਹਤ ਦੀ ਹਾਲਤ ਲਈ ਇਲਾਜ ਬਾਰੇ ਜਾਣਕਾਰੀ ਦਾ ਪਤਾ ਕਰਨ ਲਈ ਸਹਾਇਤਾ।

# ਕੇਅਰਰਾਂ ਲਈ ਅਸੈੱਸਮੈਂਟਾਂ

- ਕੋਈ ਇਹੋ ਜਿਹਾ ਬੰਦਾ ਹੋਵੇ ਜਿਸ ਨਾਲ ਤੁਸੀਂ ਆਪਣੀ ਹਾਲਤ ਬਾਰੇ ਗੱਲ ਬਾਤ ਕਰ ਸਕੋ।
- ਜੇਕਰ ਤੁਹਾਨੂੰ ਸਹਾਇਤਾ ਦੀ ਲੋੜ ਪਵੇ ਤਾਂ ਭਵਿੱਖ ਵਿੱਚ ਕੀ ਕੁਝ ਉਪਲਬਧ ਹੋਵੇਗਾ ਉਸ ਬਾਰੇ ਜਾਣਕਾਰੀ।
- ਤੁਹਾਡੇ ਲਾਈ ਕੰਮ ਜਾਰੀ ਰੱਖਣ ਲਈ ਹੋਰ ਜ਼ਿਆਦਾ ਸੌਖਿਆਂ ਕਰਨ ਲਈ ਉਸ ਬੰਦੇ ਲਈ ਸੇਵਾਵਾਂ ਜਿਸ ਦੀ ਤੁਸੀਂ ਕੇਅਰ ਕਰਦੇ ਹੋ।
- ਜੇਕਰ ਕਦੀ ਐਮਰਜੈਂਸੀ (ਔਕੜ) ਵਾਲੀ ਹਾਲਤ ਕਾਰਣ ਤੁਸੀਂ ਆਪਣੇ ਪਿਆਰੇ ਬੰਦੇ ਦੀ ਕੇਅਰ ਨਾ ਕਰ ਸਕੋ ਤਾਂ ਇਸ ਬਾਰੇ ਸੋਚਣ ਅਤੇ ਵਿਉਂਤਬੰਦੀ ਕਰਨ ਬਾਰੇ ਸਹਾਇਤਾ ਦੇਣੀ।

## ਅਸੈੱਸਮੈਂਟ ਕਿਵੇਂ ਕਰਵਾਈ ਜਾਵੇ

- ਤੁਸੀਂ ਜਿਸ ਬੰਦੇ ਦੀ ਕੇਅਰ (ਦੇਖਭਾਲ) ਕਰ ਰਹੇ ਹੋ ਜੇਕਰ ਉਸ ਨੂੰ ਕੋਈ ਸਰਵਿਸਿਜ਼ ਨਹੀਂ ਮਿਲ ਰਹੀਆਂ ਪਰ ਤੁਸੀਂ ਆਪਣੀਆਂ ਲੋੜਾਂ ਦੀ ਅਸੈੱਸਮੈਂਟ ਕਰਵਾਉਣਾ ਚਾਹੋਗੇ ਤਾਂ ਲੀਡਜ਼ ਸੋਸ਼ਲ ਕੇਅਰ ਨੂੰ ਟੈਲੀਫੋਨ ਸੈਂਟਰ ☎0113 222 4401 (ਕੇਅਰਰਜ਼ ਆਫ ਐਡਲਟਸ) ☎0113 222 4403 (ਕੇਅਰਰਜ਼ ਆਫ ਚਿਲਡਰਨ) ਰਾਹੀਂ ਫੋਨ ਕਰੋ ਅਤੇ ਕੇਅਰਰ ਦੀ ਅਸੈੱਸਮੈਂਟ ਬਾਰੇ ਕਹੋ। ਤੁਸੀਂ ਜਿਸ ਬੰਦੇ ਨਾਲ ਗੱਲ ਕਰਦੇ ਹੋ ਉਹ ਤੁਹਾਨੂੰ ਸਬੰਧਤ ਟੀਮ ਕੋਲ ਪਾਸ ਆਨ ਕਰ ਦੇਵੇਗਾ। ਜਾਂ ਇਸ ਲੀਫਲੈੱਟ ਦੇ ਅਗਲੇ ਪੰਨੇ ਤੇ ਦਿਤੇ ਹੋਏ ਕੂਪਨ ਦੀ ਵਰਤੋਂ ਕਰੋ।
- ਤੁਸੀਂ ਜਿਸ ਐੱਡਲਟ (ਬਾਲਗ) ਦੀ ਦੇਖਭਾਲ ਕਰ ਰਹੇ ਹੋ ਜੇਕਰ ਉਹ ਪਹਿਲੋਂ ਹੀ ਕਿਸੇ ਐੱਡਲਟ ਸੋਸ਼ਲ ਕੇਅਰ ਜਾਂ ਮੈਂਟਲ ਹੈੱਲਥ ਫੈਸਿਲਿਟੀ (ਬਾਲਗ ਸਮਾਜਕ ਦੇਖਭਾਲ ਜਾਂ ਮਾਨਸਿਕ ਸੁਆਸਥ ਸੁਵਿਧਾ) ਵਿੱਚ ਜਾਂਦਾ ਹੈ ਤਾਂ ਉਸ ਦੀ ਆਪਣੀ ਕੇਅਰ ਪਲੈਨ ਹੋਵੇਗੀ ਜਿਸ ਤੇ ਮੁੜ ਕੇ ਵਿਚਾਰ ਹੋਣ ਵਾਲਾ ਸੀ ਤਾਂ ਉਸ ਹਾਲਤ ਵਿੱਚ ਤੁਸੀਂ ਉਸ ਸਮੇਂ ਕੇਅਰਰ'ਜ਼ ਅਸੈੱਸਮੈਂਟ ਲਈ ਕਹਿ ਸਕਦੇ ਹੋ। ਪਰ ਤੁਹਾਨੂੰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ – ਤੁਸੀਂ ਹੁਣੇ ਟੈਲੀਫੋਨ ਸੈਂਟਰ ਨੂੰ ਫੋਨ ਕਰਕੇ ਜਾਂ ਕੇਅਰਰਜ਼ ਡਿਵੈੱਲਪਮੈਂਟ ਵਰਕਰ ਨਾਲ ਸੰਪਰਕ ਕਰਕੇ ਕਹਿ ਸਕਦੇ ਹੋ।
- ਤੁਸੀਂ ਜਿਸ ਬੰਦੇ ਦੀ ਕੇਅਰ ਕਰ ਰਹੇ ਹੋ ਜੇਕਰ ਉਹ ਸਪੈਸ਼ਲਿਸਟ (ਮਾਹਿਰ) ਮੈਂਟਲ ਹੈੱਲਥ ਸਰਵਿਸ ਲੈ ਰਿਹਾ ਹੈ ਤਾਂ ਉਨ੍ਹਾਂ ਦਾ 'ਕੇਅਰ ਪ੍ਰੋਗਰਾਮ ਐਪਰੋਚ' ਕੋਆਰਡੀਨੇਟਰ ਹੋਵੇਗਾ। ਸ਼ਾਇਦ ਇਹ ਕੋਈ ਨਰਸ ਜਾਂ ਸੋਸ਼ਲ ਵਰਕਰ ਹੋਵੇ। ਸੀ ਪੀ ਏ ਕੋਆਰਡੀਨੇਟਰ ਤੁਹਾਡੇ ਲਈ ਕੇਅਰਰਜ਼ ਅਸੈੱਸਮੈਂਟ ਜਾਂ ਤਾਂ ਆਪ ਕਰੇਗਾ ਜਾਂ ਇਸ ਦਾ ਪ੍ਰਬੰਧ ਕਰੇਗਾ।
- ਤੁਸੀਂ ਜਿਸ ਬੰਦੇ ਦੀ ਕੇਅਰ ਕਰਦੇ ਹੋ ਜੇਕਰ ਐੱਡਲਟ ਸੋਸ਼ਲ ਕੇਅਰ ਉਸ ਦੀ ਅਸੈੱਸਮੈਂਟ ਕਰਦੀ ਹੈ ਤਾਂ ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਕੇਅਰਰ'ਜ਼ ਅਸੈੱਸਮੈਂਟ ਕਰਵਾਉਣਾ ਚਾਹੁੰਦੇ ਹੋ। ਤੁਸੀਂ ਅਸੈੱਸਮੈਂਟ ਉਸ ਬੰਦੇ ਦੀ ਮੌਜੂਦਗੀ ਵਿੱਚ ਜਾਂ ਆਪੇ ਇਕੱਲਿਆਂ ਕਰਵਾ ਸਕਦੇ ਹੋ।

ਜੇਕਰ ਤੁਹਾਨੂੰ ਕੇਅਰਰ'ਜ਼ ਅਸੈੱਸਮੈਂਟ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਤੁਸੀਂ ਇਸ ਬਾਰੇ ਉਸੇ ਸਮੇਂ ਨਹੀਂ ਸੋਚਣਾ ਚਾਹੁੰਦੇ ਤਾਂ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਅਸੈੱਸਮੈਂਟ ਬਾਦ ਵਿੱਚ ਕਰਨ। ਤੁਹਾਨੂੰ ਕਾਰਡ ਦਿਤਾ ਜਾਣਾ ਚਾਹੀਦਾ ਹੈ ਤਾਂ ਜੋ ਤੁਸੀਂ ਜਦੋਂ ਸਮਝੋ ਕਿ ਤੁਹਾਡੇ ਲਈ ਅਸੈੱਸਮੈਂਟ ਦਾ ਸਮਾਂ ਠੀਕ ਹੈ ਤਾਂ ਤੁਸੀਂ ਐੱਡਲਟ ਸੋਸ਼ਲ ਕੇਅਰ ਕੋਲ ਵਾਪਿਸ ਆ ਸਕੋ।

## ਕੰਮ, ਐਜੂਕੇਸ਼ਨ ਅਤੇ ਲਈਯਰ (ਵਿਹਲਾ ਸਮਾਂ)

- ਕੇਅਰਰ'ਜ਼ ਅਸੈੱਸਮੈਂਟ ਤੁਹਾਡੇ ਕੇਅਰਿੰਗ ਰੋਲ (ਦੇਖਭਾਲ ਵਾਲਾ ਭਾਗ) ਨੂੰ ਕੰਮ ਜਾਂ ਟ੍ਰੇਨਿੰਗ ਅਤੇ ਆਪਣੀਆਂ ਲੋੜਾਂ ਨੂੰ ਫੁਰਸਤ ਵਾਲੇ ਅਵਸਰਾਂ ਨਾਲ ਇਕੱਠਿਆਂ ਕਰਨ ਬਾਰੇ ਤੁਹਾਡੀਆਂ ਇੱਛਾਵਾਂ ਨੂੰ ਧਿਆਨ ਵਿੱਚ ਰਖੇਗੀ।

## ਅਸੈੱਸਮੈਂਟ ਤੋਂ ਬਾਦ ਕੀ ਹੁੰਦਾ ਹੈ?

ਉਦੋਂ ਤਕ ਕੁੱਝ ਨਹੀਂ ਹੁੰਦਾ ਜਦੋਂ ਤਕ ਤੁਸੀਂ ਨਾ ਚਾਹਵੋ।

- ਜੇਕਰ ਕੁੱਝ ਇਹੋ ਜਿਹੇ ਮੁੱਦੇ ਹਨ ਜਾਂ ਸਮਸਿਆ ਹੈ, ਤੁਸੀਂ ਜਿਨ੍ਹਾਂ ਦੀ ਪਛਾਣ ਸੋਸ਼ਲ ਵਰਕਰ ਜਾਂ ਕੇਅਰਰ'ਜ਼ ਵਰਕਰ ਨਾਲ ਗੱਲਬਾਤ ਕਰਨ ਦੇ ਨਤੀਜੇ ਵੱਜੋਂ ਕਰਦੇ ਹੋ ਤਾਂ ਪਲੈਨ (ਵਿਉਂਤਬੰਦੀ) ਤਿਆਰ ਕੀਤੀ ਜਾਵੇਗੀ ਜਿਸ ਵਿੱਚ ਦਸਿਆ ਹੋਵੇਗਾ ਕਿ ਕੀ ਕੁੱਝ ਕਰਨਾ ਹੈ ਅਤੇ ਕਿਸ ਨੇ ਕਰਨਾ ਹੈ। ਸ਼ਾਇਦ ਇਹ ਸਭ ਕੁੱਝ ਹੈੱਲਥ ਜਾਂ ਐੱਡਲਟ ਸੋਸ਼ਲ ਕੇਅਰ ਵੱਲੋਂ ਨਾ ਕੀਤਾ ਜਾਵੇ। ਤੁਹਾਨੂੰ ਪਲੈਨ ਦੀ ਕਾਪੀ ਮਿਲੇਗੀ।
- ਸ਼ਾਇਦ ਉਥੇ ਇਹੋ ਜਿਹੀਆਂ ਸਰਵਿਸਿਜ਼ ਜਾਣਕਾਰੀ, ਸਾਜ਼–ਸਾਮਾਨ ਜਾਂ ਸੁਵਿਧਾਵਾਂ ਹੋਣ ਜਿਨ੍ਹਾਂ ਦੀ ਸਹਾਇਤਾ ਨਾਲ ਤੁਹਾਡੇ ਵਾਸਤੇ ਕੇਅਰਿੰਗ ਜਾਰੀ ਰੱਖਣੀ ਹੋਰ ਜ਼ਿਆਦਾ ਸੌਖੀ ਹੋ ਜਾਵੇਗੀ ਅਤੇ ਐੱਡਲਟ ਸੋਸ਼ਲ ਕੇਅਰ ਇਨ੍ਹਾਂ ਨੂੰ ਤੁਹਾਡੇ ਵਾਸਤੇ ਲੈਣ ਲਈ ਕੋਸ਼ਿਸ਼ ਕਰੇਗੀ। ਉਹ ਜਾਂ ਤਾਂ ਇਹ ਸਰਵਿਸ ਆਪ ਪ੍ਰਦਾਨ ਕਰਣਗੇ ਜਾਂ ਤੁਹਾਨੂੰ ਆਪਣੇ ਆਪ ਸਰਵਿਸ ਖਰੀਦਣ ਲਈ ਡਾਇਰੈਕਟ ਪੇਮੈਂਟਸ (ਸਿੱਧੀ ਆਦਾਇਗੀ) ਕਰਣਗੇ। ਤੁਹਾਡਾ ਸੋਸ਼ਲ ਵਰਕਰ ਜਾਂ ਕੇਅਰਰ'ਜ਼ ਡਿਵੈੱਲਪਮੈਂਟ ਵਰਕਰ ਤੁਹਾਡੇ ਵਾਸਤੇ ਇਸ ਨੂੰ ਸੋਰਟ ਆਊਟ (ਛਾਂਟਨਾ) ਕਰੇਗਾ।
- ਯੰਗ ਕੇਅਰਰ'ਜ਼ ਦੀ ਹਾਲਤ ਵਿਸ਼ੇਸ਼ ਤੌਰ ਤੇ ਕਠਿਨ ਹੈ ਅਤੇ ਉਨ੍ਹਾਂ ਨੂੰ ਸਮਰਥਨ ਦੇਣ ਲਈ ਅਤੇ ਯੰਗ ਪੀਪਲ ਨੂੰ ਆਪਣੀ ਸਮਰਥਾ ਤਕ ਪਹੁੰਚਣ ਲਈ ਸਹਾਇਤਾ ਦੇਣ ਲਈ ਵਿਸ਼ੇਸ਼ ਸੇਵਾਵਾਂ ਹਨ।

ਹੋਰ ਜ਼ਿਆਦਾ ਜਾਣਕਾਰੀ ਲਈ ਵਿਲੋਜ਼ ਪ੍ਰੋਜੈਕਟ ☎ 0113 240 8368 ਨਾਲ ਸੰਪਰਕ ਕਰੋ।

# ਬ੍ਰੇਕ ਲੈਣੀ

## ਡਾਇਰੈਕਟ ਪੇਮੈਂਟਸ

ਜਦੋਂ ਇਕ ਵਾਰੀ ਤੁਹਾਡੀ ਅਸੈੱਸਮੈਂਟ ਹੋ ਜਾਂਦੀ ਹੈ ਤਾਂ ਸ਼ਾਇਦ ਐਡਲਟ ਸੋਸ਼ਲ ਕੇਅਰ ਤੁਹਾਨੂੰ ਇਹੋ ਜਿਹੀਆਂ ਸਰਵਿਸਿਜ਼ ਲਈ ਪੈਸੇ ਦੇ ਸਕਣ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।

## ਡੈਟਾ ਪ੍ਰੋਟੈਕਸ਼ਨ (ਅੰਕੜਿਆਂ ਦੀ ਸੁਰੱਖਿਆ) ਅਤੇ ਜਾਣਕਾਰੀ ਦੀ ਭੇਤਦਾਰੀ

ਅਸੀਂ 1998 ਡੈਟਾ ਪ੍ਰੋਟੈਕਸ਼ਨ ਐਕਟ ਦੇ ਨਿਯਮਾਂ ਥੱਲੇ ਜਾਣਕਾਰੀ ਇਕੱਠੀ ਕਰਦੇ ਹਾਂ ਅਤੇ ਤੁਹਾਡੇ ਬਾਰੇ ਜਾਣਕਾਰੀ ਗੁਪਤ ਤੌਰ ਤੇ ਕੰਪਿਊਟਰ ਤੇ ਰੱਖਦੇ ਹਾਂ। ਜੇਕਰ ਸਾਨੂੰ ਤੁਹਾਡੇ ਬਾਰੇ ਜਾਣਕਾਰੀ ਹੋਰਾਂ ਨਾਲ ਸਾਂਝੀ ਕਰਨ ਦੀ ਲੋੜ ਹੋਵੇ ਤਾਂ ਇਹ ਇਸ ਤਰ੍ਹਾਂ ਹੋਵੇਗਾ ਜਿਸ ਨਾਲ ਤੁਹਾਡੇ ਲਈ ਸਪੋਰਟ ਪ੍ਰਭਾਵਸ਼ਾਲੀ ਹੋਵੇ। ਇਸ ਦੀ ਸਾਂਝ ਕਿਸੇ ਹੋਰ ਕਾਰਣ ਨਹੀਂ ਨਹੀਂ ਕੀਤੀ ਜਾਵੇਗੀ। ਜਿਹੜੀ ਜਾਣਕਾਰੀ ਤੁਹਾਡੇ ਬਾਰੇ ਰੱਖੀ ਗਈ ਹੈ ਉਸ ਨੂੰ ਕਿਸੇ ਵੀ ਪੜਾਅ ਤੇ ਤੁਹਾਨੂੰ ਵੇਖਣ ਦਾ ਅਧਿਕਾਰ ਹੈ ਅਤੇ ਅਸੀਂ ਜਾਣਕਾਰੀ ਦੀ ਸਾਂਝ ਕੇਵਲ ਤੁਹਾਡੀ ਆਗਿਆ ਨਾਲ ਹੀ ਕਰਾਂਗੇ।

✂ – – – – – – – – – – – – – – – – – – – – – – – – – – – – – – – – – – – – – –

ਕਿਰਪਾ ਕਰਕੇ ਥੱਲੇ ਆਪਣੇ ਵੇਰਵੇ ਭਰੋ ਅਤੇ ਇਸ ਨੂੰ ਵਾਪਿਸ ਭੇਜੋ:
Bridget Maguire, Leeds Adult Social Care, Merrion House,
110 Merrion Centre, Leeds LS2 8QB

ਮੈਂ ਕਿਸੇ ਨੂੰ ਇਹੋ ਜਿਹੇ ਬੰਦੇ ਦੀ ਕੇਅਰ ਕਰਨ ਦੀ ਸਹਾਇਤਾ ਕਰ ਰਿਹਾ ਹਾਂ ਜਿਸ ਨੂੰ ਡਿਸੇਬਿਲਿਟੀ ਹੈ ਜਾਂ ਜਿਸ ਦੀਆਂ ਹੈੱਲਥਕੇਅਰ (ਸਿਹਤ ਦੀ ਦੇਖਭਾਲ) ਵਾਲੀਆਂ ਲੋੜਾਂ ਹਨ। ਉਸ ਦਾ ਨਾਂ ਹੈ:

.......................................................................................................................................

ਜਨਮ ਤਾਰੀਖ .......................................................

ਮੈਂ ਕੇਅਰਰ'ਜ਼ ਅਸੈੱਸਮੈਂਟ ਕਰਵਾਉਣਾ ਚਾਹਾਂਗਾ।

ਮੇਰਾ ਨਾਂ ਹੈ..............................................................................................

ਪਤਾ..............................................................................................................

..........................................................................................................................

......................................................ਪੋਸਟਕੋਡ..................................................................

ਫੋਨ..........................................ਜਨਮ ਤਾਰੀਖ...........................................................

ਈਮੇਲ..........................................................................................................................

..........

# ਕੇਅਰਿੰਗ ਇਨ ਲੀਡਜ਼

## ਕੇਅਰਰਾਂ ਲਈ ਲਾਭਦਾਇਕ ਸੰਪਰਕ

- ਸੋਸ਼ਲ ਕੇਅਰ ☎0113 222 4401 (ਬਾਲਗ) 0113 222 4403 (ਬੱਚੇ)
- ਕੇਅਰਰਜ਼ ਲੀਡਜ਼ ☎0113 246 8338 – ਸਪੋਰਟ ਅਤੇ ਸਲਾਹ ਲਈ

www.carersleeds.org.uk

- ਅਲਜ਼ਾਈਮਰ'ਜ਼ ☎0113 231 1727 www.alzheimers.org.uk
- ਕੇਅਰਰਜ਼ ਯੂਕੇ – ਸਲਾਹ ਲਈ www. carersonline.org.uk
  - ਨੈਸ਼ਨਲ ਹੈੱਲਪਲਾਈਨ ☎0808 808 7777
- ਐੱਨ ਐੱਚ ਐੱਸ ਡਾਇਰੈਕਟ ☎0845 4647 – ਡਾਕਟਰੀ ਸਲਾਹ ਲਈ
- ਐੱਮਰਜੈਂਸੀ ਡਿਊਟੀ ਸੋਸਲ ਕੇਅਰ ਸਰਵਿਸਿਜ਼ (ਜਦੋਂ ਬੰਦ ਹੋਵੇ)

☎0113 240 9536



ਇਸ ਲੜੀ ਵਿੱਚ 2 ਹੋਰ ਲੀਫਲੈੱਟ (ਪਰਚੇ) ਹਨ:
ਏ ਕੁਇਕ ਗਾਈਡ ਟੂ ਸਰਵਿਸਿਜ਼ ਫਾਰ ਕੇਅਰਰਜ਼
ਗੈੱਟਿੰਗ ਏ ਬ੍ਰੇਕ

ਇਹ ਲੀਫਲੈੱਟ ਵੱਡੀ ਛਪਾਈ, ਬ੍ਰੇਲ ਅਤੇ ਆਡਿਓਟੇਪ ਤੇ, ਨਾਲੇ ਇਨ੍ਹਾਂ ਜ਼ਬਾਨਾਂ ਵਿੱਚ ਵੀ ਉਪਲਬਧ ਹੈ:
ਬੰਗਾਲੀ, ਕੈਂਟੋਨੀਜ਼, ਪੰਜਾਬੀ ਅਤੇ ਉਰਦੂ

ਲੀਡਜ਼ ਵਿੱਚ ਕੇਅਰਰਜ਼ ਲਈ ਸਰਵਿਸਿਜ਼ ਬਾਰੇ ਡਾਇਰੈਕਟਰੀ ਵੀ ਉਪਲਬਧ ਹੈ: 'ਚੋਆਇਸਿਜ਼ ਫਾਰ ਕੇਅਰਰਜ਼'

ਉਪਰ ਦੱਸੀਆਂ ਹੋਈਆਂ ਚੀਜ਼ਾਂ ਵਿੱਚੋਂ ਕਿਸੇ ਦੀਆਂ ਵੀ ਕਾਪੀਆਂ ਲੈਣ ਲਈ ਕਿਰਪਾ ਕਰਕੇ ਟੈਲੀਫੋਨ ਕਰੋ
☎0113 227 8629

Published by Leeds City Council October 2009